ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-5015865, ਫੈਕਸ ਨੰ: 0172-2624687 ਈ.ਮੇਲ ssapunjab@yahoo.com

ਵੱਲ,

ਸਮੂਹ ਜ਼ਿਲਾ ਸਿੱਖਿਆ ਅਫਸਰ (ਐ:ਸਿ)/ਸੈ:ਸਿ ਪੰਜਾਬ।

ਮੀਮੋ ਨੰ:ਐਸ.ਐਸ.ਏ/2012/ਐਡਮਨ/84538
ਮਿਤੀ ਚੰਡੀਗੜ੍ਹ: 27/11/12

ਵਿਸ਼ਾ :- **ਬਲਾਕ ਆਫਿਸ ਅਸਿਸਟੈਂਟਾਂ/ਅਸਿਸਟੈਂਟ ਬਲਾਕ ਕੋ-ਆਰਡੀਨੇਟਰਾਂ ਦੀ ਬਤੌਰ ਡੈਟਾ ਐਂਟਰੀ ਓਪਰੇਟਰ ਪਦ-ਉੱਨਤੀ ਦੇ ਸੰਬੰਧ ਵਿੱਚ ਸਟਾਫ ਸਟੇਟਮੈਂਟ।**

-----

ਉਪਰੋਕਤ ਵਿਸ਼ੇ ਦੇ ਹਵਾਲੇ।

2. ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਹੁਕਮ ਪੱਤਰ ਨੰ: ਐਸ.ਐਸ.ਏ/2011/ਪ੍ਰਸ਼ਾਸਨ/15048-54 ਮਿਤੀ 20.12.11 ਰਾਹੀਂ ਅਸਿਸਟੈਂਟ ਬਲਾਕ ਕੋ-ਆਰਡੀਨੇਟਰ ਅਤੇ ਬਲਾਕ ਆਫਿਸ ਅਸਿਸਟੈਂਟ ਦੀ ਤਨਖਾਹ ਵਧਾਕੇ ਕ੍ਰਮਵਾਰ 11,500/- ਰੁ: ਮਾਸਿਕ ਅਤੇ 9000/-ਰੁ: ਮਾਸਿਕ ਕਰ ਦਿੱਤੀ ਗਈ ਹੈ ਅਤੇ ਅਜਿਹਾ ਕਰਦੇ ਸਮੇਂ ਇਨ੍ਹਾਂ ਕੈਟੇਗਰੀਜ਼ ਨੂੰ ਘਟਦਾ ਕਾਡਰ (diminishing cadre) ਕਰਾਰ ਦੇ ਦਿੱਤਾ ਗਿਆ ਹੈ। ਅਸਿਸਟੈਂਟ ਬਲਾਕ ਕੋਆਰਡੀਨੇਟਰ ਦੀ ਅਸਾਮੀ ਦਾ ਨਾਮ ਬਦਲਕੇ ਡੈਟਾ ਐਂਟਰੀ ਓਪਰੇਟਰ ਕਰ ਦਿੱਤਾ ਗਿਆ ਹੈ। ਇਸੇ ਤਰਾਂ ਬਲਾਕ ਆਫਿਸ ਅਸਿਸਟੈਂਟ ਦੀਆਂ ਅਸਾਮੀਆਂ ਦੇ ਸੰਬੰਧ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਬਲਾਕ ਆਫਿਸ ਅਸਿਸਟੈਂਟ ਦੀਆਂ ਖਾਲੀ ਅਸਾਮੀਆਂ ਨੂੰ ਭਰਿਆ ਨਹੀਂ ਜਾਵੇਗਾ ਜਿਹੜੇ ਬਲਾਕ ਆਫਿਸ ਅਸਿਸਟੈਂਟ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਉਨ੍ਹਾਂ ਦੀ ਮੈਰਿਟ/ਸੀਨੀਆਰਤਾ ਅਨੁਸਾਰ ਡੈਟਾ ਐਂਟਰੀ ਓਪਰੇਟਰਾਂ ਦੀਆਂ ਖਾਲੀ ਅਸਾਮੀਆਂ ਵਿਰੁੱਧ ਐਡਜਸਟ ਕੀਤਾ ਜਾਵੇਗਾ ਬਸ਼ਰਤੇ ਕਿ ਉਹ ਡੈਟਾ ਐਂਟਰੀ ਓਪਰੇਟਰ ਲਈ ਯੋਗਤਾਵਾਂ ਪੂਰੀਆਂ ਕਰਦਾ ਹੋਵੇ। ਇਹ ਵੀ ਉਪਬੰਧ ਕੀਤਾ ਗਿਆ ਹੈ ਕਿ ਡੈਟਾ ਐਂਟਰੀ ਓਪਰੇਟਰ ਦੀਆਂ ਖਾਲੀ ਅਸਾਮੀਆਂ ਵਿਰੁੱਧ ਨਵੀਂ ਭਰਤੀ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਵਿਰੁੱਧ ਬਲਾਕ ਆਫਿਸ ਅਸਿਸਟੈਂਟਾਂ ਨੂੰ ਹੀ ਐਡਜਸਟ ਕੀਤਾ ਜਾਵੇਗਾ। ਬਲਾਕਾਂ ਵਿੱਚ ਖਾਲੀ ਪਈਆਂ ਡੈਟਾ ਐਂਟਰੀ ਓਪਰੇਟਰਾਂ ਦੀਆਂ ਪੋਸਟਾਂ ਭਰਨ ਲਈ ਬਲਾਕ ਆਫਿਸ ਅਸਿਸਟੈਂਟਾਂ ਦੀ ਸਟਾਫ ਸਟੇਟਮੈਂਟ ਤਿਆਰ ਕੀਤੀ ਗਈ ਹੈ ਜਿਸ ਵਿੱਚ ਇਨ੍ਹਾਂ ਕਰਮਚਾਰੀਆਂ ਦਾ ਸਾਰਾ ਸੇਵਾ ਵੇਰਵਾ ਦਰਜ ਹੈ। ਇਹ ਵੇਰਵਾ ਸਮੂਹ ਕਰਮਚਾਰੀਆਂ ਦੀ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ ਤੇ ਪਾਇਆ ਜਾ ਰਿਹਾ ਹੈ। ਜੇਕਰ ਇਸ ਵਿੱਚ ਕੋਈ ਗਲਤੀ ਹੋਵੇ ਜਿਸ ਦੇ ਸੰਬੰਧ ਵਿੱਚ ਕਿਸੇ ਕਰਮਚਾਰੀ ਨੂੰ ਇਤਰਾਜ਼ ਹੋਵੇ ਤਾਂ ਉਹ ਇਹ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਮੁੱਖ ਦਫਤਰ ਦੇ ਧਿਆਨ ਵਿੱਚ ਲਿਆਂਦੀ ਜਾਵੇ ।

ਐਡੀਸ਼ਨਲ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ।